ਬੱਚਿਆਂ ਲਈ ਬਾਈਬਲ

ਉੱਪਸਥਿਤ



# ਕਲੀਸੀਆ ਦਾ ਜਨਮ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen
Alastair Paterson

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਜਦ ਯਿਸੂ ਮਰ ਗਿਆ, ਉਸਦੇ ਡਰੇ ਹੋਏ ਚੇਲਿਆਂ ਨੇ ਆਪਣੇ ਆਪ ਨੂੰ ਲੁਕਾ ਲਿਆ। ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ, ਉਸ ਨੇ ਆਪਣੇ ਆਪ ਨੂੰ ਚੇਲਿਆ ਨੂੰ ਵਿਖਾਇਆ। ਯਿਸੂ ਜਿੰਦਾ ਸੀ! ਪਰ - ਯਿਸੂ ਨੇ ਉਹਨਾਂ ਨੂੰ ਛੱਡਣ ਦੀ ਯੋਜਨਾ ਬਣਾਈ, ਕੀ ਉਹ ਸਵਰਗ ਵਿੱਚ ਜਾਵੇ ਜਿੱਥੇ ਉਹ ਹਮੇਸ਼ਾ ਆਪਣੇ ਪਿਤਾ ਅਤੇ ਪਰਮੇਸ਼ਵਰ ਦੇ ਨਾਲ ਰਹਿੰਦਾ ਸੀ।



ਉਸਦੇ ਛੱਡਣ ਤੋਂ ਪਹਿਲਾਂ, ਯਿਸੂ ਚੇਲਿਆਂ ਨਾਲ ਵਾਇਦਾ ਕੀਤਾ ਕੀ ਉਹ ਉਹਨਾਂ ਦੀ ਸਹਾਇਤਾ ਅਤੇ ਦਿਲਾਸੇ ਲਈ ਪਰਮੇਸ਼ਵਰ ਦਾ ਆਤਮਾਂ ਭੇਜੇਗਾ (ਯਹੂੰਨਾ ਦੀ ਇੰਜੀਲ 15:26)। ਸਮਾਂ ਨੇੜੇ ਸੀ! ਥੋੜੇ ਦਿਨਾਂ ਦੇ ਬਾਅਦ ਯਿਸੂ ਚਲਾ ਗਿਆ, ਅਤੇ ਪਰਮੇਸ਼ਵਰ ਦਾ ਪਵਿੱਤਰ ਆਤਮਾਂ ਆਇਆ।

ਇਹ ਇਸ ਤ੍ਰਾਂ ਹੋਇਆ। ਲਗਭਗ ਯਿਸੂ ਦੇ ਇੱਕ ਸੌ ਵੀਹ (120) ਚੇਲੇ ਇਕੱਠੇ ਹੋ ਕੇ ਇੱਕ ਘਰ ਵਿੱਚ ਪ੍ਰਾਥਨਾਂ ਕਰ ਰਹੇ ਸੀ। ਅਚਾਨਕ, ਘਰ ਇੱਕ ਭਿਆਨਕ ਹਨੇਰੀ ਦੀ ਆਵਾਜ ਨਾਲ ਭਰ ਗਿਆ।



ਅਤੇ ਉਹਨਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਦਿਸੀਆਂ ਜੋ ਉਹਨਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਉਹ ਸਾਰੇ ਪਵਿੱਤਰ ਆਤਮਾਂ ਨਾਲ ਭਰ ਗਏ - ਜਿਵੇਂ ਯਿਸੂ ਨੇ ਉਹਨਾਂ ਨਾਲ ਵਾਇਦਾ ਕੀਤਾ ਸੀ!



ਬਾਹਰ ਸੜ੍ਹਕਾਂ ਤੇ ਯਿਸੂ ਦੇ ਚੇਲਿਆਂ ਨੇ ਉਹ ਭਾਸ਼ਾਵਾਂ ਬੋਲੀਆਂ ਜਿਹੜੀਆਂ ਉਹਨਾਂ ਕਦੀ ਸਿੱਖੀਆਂ ਨਹੀ ਸਨ। ਯਰੂਸ਼ਲਮ ਵਿੱਚ ਆਉਣ ਵਾਲੇ ਪਰਦੇਸੀਆਂ ਨੇ ਚੇਲਿਆਂ ਨੂੰ ਪਰਮੇਸ਼ਵਰ ਦੇ ਅਦਭੁਤ ਕੰਮਾਂ ਦੇ ਬਾਰੇ ਬਹੁਤ ਭਾਸ਼ਾਵਾਂ ਵਿੱਚ ਕਹਿੰਦੇ ਸੁਣਿਆ। ਪਰਦੇਸੀ ਹੈਰਾਨ ਹੋ ਗਏ। “ਇਸ ਦਾ ਮਤਲਬ ਕੀ ਹੈ?” ਉਹਨਾਂ ਪੁੱਛਿਆ। “ਉਹ ਨਵੀਂ ਕਿਸਮ ਦੀ ਸ਼ਰਾਬ ਨਾਲ ਚੂਰ ਹਨ,” ਬਾਕੀਆਂ ਨੇ ਮਖੌਲ ਨਾਲ ਕਿਹਾ।



ਪਰ ਪਤਰਸ ਨੇ ਆਖਿਆ, “ਇਹਨਾਂ ਨੇ ਸ਼ਰਾਬ ਨਹੀ ਪੀਤੀ ਹੈ ... ਇਹ ਉਹ ਹੈ ਜਿਹੜਾ ਯੋਏਲ ਨਬੀ ਦੇ ਦੁਆਰਾ ਬੋਲਿਆ ਗਿਆ ਸੀ।” ਤਦ ਪਤਰਸ ਨੇ ਉਹਨਾਂ ਨੂੰ ਯਾਦ ਕਰਵਾਇਆ ਕੀ ਬਹੁਤ ਸਾਲ ਪਹਿਲਾਂ, ਪਰਮੇਸ਼ਵਰ ਨੇ ਵਾਇਦਾ ਕੀਤਾ ਸੀ ਕੀ ਲੋਕਾਂ ਦੀ ਸਹਾਇਤਾ ਅਤੇ ਆਸ਼ੀਸ਼ ਲਈ ਪਵਿੱਤਰ ਆਤਮਾਂ ਆਵੇਗਾ।



ਪਤਰਸ ਨੇ ਲੋਕਾਂ ਨੂੰ ਕਿਹਾ ਕੀ ਉਹਨਾਂ ਨੂੰ ਆਪਣੇ ਪਾਪਾਂ ਤੋਂ ਜਰੂਰ ਮੁੜਕੇ ਅਤੇ ਯਿਸੂ ਮਸੀਹ ਦੇ ਨਾ ਵਿੱਚ ਬਪਤਿਸਮਾ ਲੈਣਾ ਚਾਹੀਦਾ ਹੈ। "... ਅਤੇ ਤੁਸੀ ਪਵਿੱਤਰ ਆਤਮਾਂ ਦਾ ਵਰਦਾਨ ਪਾਉਂਗੇ," ਪਤਰਸ ਨੇ ਆਖਿਆ। ਲਗਭਗ ਤਿੰਨ ਹਜ਼ਾਰ ਲੋਕਾਂ ਨੇ ਉਸ ਨੂੰ ਮੰਨਿਆ। ਉਹ ਯਿਸੂ ਦੀ ਉਪਾਸਨਾ ਵਿੱਚ ਚੇਲਿਆਂ ਦੇ ਨਾਲ ਜੁੜੇ। ਜਿਵੇਂ ਸਮਾਂ ਬੀਤਇਆ,




ਬਹੁਤ ਅਤੇ ਬਹੁਤ ਲੋਕ ਕਲੀਸੀਆਂ ਵਿੱਚ ਸ਼ਰੀਕ ਹੋ ਗਏ ਸਨ ਜੋ ਪਰਮੇਸ਼ਵਰ ਨੇ ਪਵਿੱਤਰ ਆਤਮਾਂ ਆਉਣ ਦੇ ਦਿਨ ਤੋਂ ਸ਼ੁਰੂਆਤ ਕੀਤੀ ਸੀ।

ਪਵਿੱਤਰ ਆਤਮਾਂ ਆਪਣੀ ਸਾਮਰਥ ਪਰਮੇਸ਼ਵਰ ਦੇ ਲੋਕਾਂ ਦੀ ਜਿੰਦਗੀ ਵਿੱਚ ਲੈ ਆਇਆ। ਇੱਕ ਦਿਨ, ਪਤਰਸ ਅਤੇ ਯਹੂੰਨਾ ਪ੍ਰਾਥਨਾਂ ਦੇ ਸਮੇਂ ਹੈਕਲ ਵਿੱਚ ਇਕੱਠੇ ਗਏ। ਇੱਕ ਲ਼ਗੜਾ ਭਿਖਾਰੀ ਹੈਕਲ ਦੇ ਗੇਟ ਤੇ ਬੈਠਾ ਸੀ। ਉਸ ਨੇ ਪਤਰਸ ਅਤੇ ਯਹੂੰਨਾ ਨੂੰ ਪੈਸੇ ਪੁੱਛੇ।





ਤਦ ਪਤਰਸ ਨੇ ਆਖਿਆ, “ਸੋਨਾ ਅਤੇ ਚਾਂਦੀ ਤਾਂ ਮੇਰੇ ਕੋਲ ਨਹੀ ਹਨ, ਪਰ ਜੋ ਮੇਰੇ ਕੋਲ ਹੈ ਉਹ ਮੈਂ ਤੈਨੂੰ ਦੇਂਦਾ ਹਾਂ: ਯਿਸੂ ਮਸੀਹ ਨਾਸਰੀ ਦੇ ਨਾ ਵਿੱਚ, ਉੱਠ ਅਤੇ ਚੱਲ ਫਿਰ।” ਅਤੇ ਉਸਨੇ ਉਸ ਨੂੰ ਸੱਜੇ ਹੱਥ ਨਾਲ ਫੜਿਆ ਅਤੇ ਉਸਨੂੰ ਖੜ੍ਹਾ ਕਰ ਦਿੱਤਾ। ਤਾਂ ਉਹ ਕੁੱਦਿਆ, ਖੜ੍ਹਾ ਹੋਇਆ ਅਤੇ ਚੱਲਿਆ ਅਤੇ ਉਹ ਮੰਦਰ ਦੇ ਵਿੱਚ ਗਿਆ – ਉਹ ਚੱਲਦਾ, ਕੁੱਦਦਾ ਅਤੇ ਪਰਮੇਸ਼ਵਰ ਦੀ ਵਡਿਆਈ ਕਰਦਾ ਰਿਹਾ।



ਇੱਕ ਵੱਡੀ ਭੀੜ
ਇਕੱਠੀ ਹੋਈ ਅਤੇ
ਇਸ ਚਮਤਕਾਰ ਨੂੰ ਵੇਖ
ਕੇ ਹੈਰਾਨ ਸੀ। ਪਤਰਸ
ਨੇ ਉਹਨਾਂ ਨੂੰ ਕਿਹਾ
ਇਹ ਪਰਮੇਸ਼ਵਰ ਦੀ
ਤਾਕਤ ਹੈ, ਉਸਦੀ
ਨਹੀ,ਜਿਸ ਨੇ ਲਗੜੇ
ਮਨੁੱਖ ਨੂੰ ਚੰਗਾ ਕੀਤਾ।



ਜਦ ਪਤਰਸ ਨੇ ਯਹੂਦੀਆਂ ਨੂੰ ਯਾਦ ਕਰਵਾਇਆ ਕੀ ਪਰਮੇਸ਼ਵਰ ਨੇ ਯਿਸੂ ਨੂੰ ਮੁਰਦਿਆ ਵਿੱਚੋਂ ਜਿਵਾਲਿਆ ਹੈ, ਹੈਕਲ ਦੇ ਆਗੂਆਂ ਨੇ ਗੁੱਸੇ ਨਾਲ ਪਤਰਸ ਅਤੇ ਯਹੂੰਨਾ ਨੂੰ ਫੜਵਾਇਆ ਅਤੇ ਉਹਨਾਂ ਨੂੰ ਜੇਲ ਵਿੱਚ ਸੁੱਟ ਦਿੱਤਾ। ਪਰੰਤੂ, ਲਗਭਗ ਪੰਜ ਹਜ਼ਾਰ ਮਨੁੱਖਾਂ ਨੇ ਯਿਸੂ ਤੇ ਵਿਸ਼ਵਾਸ਼ ਕੀਤਾ।

ਅਗਲੇ ਦਿਨ, ਪਤਰਸ ਅਤੇ ਯਹੂੰਨਾ ਹੈਕਲ ਦੇ ਆਗੂਆਂ ਦੇ ਸਾਹਮਣੇ ਖੜੇ ਹੋਏ। "ਤੁਸੀ ਕਿਸ ਦੀ ਤਾਕਤ ਅਤੇ ਕਿਸ ਦੇ ਨਾ ਨਾਲ ਇਹ ਕੰਮ ਕੀਤਾ ਹੈ?" ਆਗੂਆਂ ਨੇ ਪੁੱਛਿਆ। ਪਵਿੱਤਰ ਆਤਮਾਂ ਨਲ ਭਰ ਕੇ ਪਤਰਸ ਨੇ ਬਹਾਦਰੀ ਨਾਲ ਉੱਤਰ ਦਿੱਤਾ। "... ਯਿਸੂ ਨਾਸਰੀ ਦੇ ਨਾ ਦੇ ਦੁਆਰਾ, ਜਿਸ ਨੂੰ ਤੁਸੀ ਸਲੀਬ ਤੇ ਚੜ੍ਹਾਇਆ, ਜਿਸ ਨੂੰ ਪਰਮੇਸ਼ਵਰ ਨੇ ਮੁਰਦਿਆਂ ਵਿੱਚੋਂ ਜਿੰਦਾ ਕੀਤਾ, ਉਸ ਦੇ ਦੁਆਰਾ ਇਹ ਮਨੁੱਖ ਤੁਹਾਡੇ ਸਾਹਮਣੇ ਮੁਕੰਮਲ ਖੜ੍ਹਾ ਹੈ।"





ਪਤਰਸ ਬੇਧੜਕ ਹੋ ਕੇ ਬੋਲਦਾ ਰਿਹਾ, "... ਕੋਈ ਦੂਸਰਾ ਨਾ ਸਵਰਗ ਦੇ ਥੱਲੇ ਮਨੁੱਖਾਂ ਵਿੱਚ ਨਹੀ ਦਿੱਤਾ ਗਿਆ ਜਿਸ ਦੇ ਦੁਆਰਾ ਅਸੀ ਬਚਾਏ ਜਾਈਏ।" ਇਹ ਨਾ ਚਾਹੁੰਦੇ ਹੋਇਆ ਕੀ ਲੋਕ ਯਿਸੂ ਤੇ ਵਿਸ਼ਵਾਸ਼ ਕਰਨ, ਆਗੂਆਂ ਨੇ ਪਤਰਸ ਅਤੇ ਯਹੂੰਨਾ ਨੂੰ ਬੁਰੀ ਤ੍ਹਰਾਂ ਧਮਕਾਇਆ। "ਹੁਣ ਤੋਂ ਤੁਸੀ ਕਿਸੇ ਮਨੁੱਖ ਨਾਲ ਯਿਸੂ ਦਾ ਨਾ ਲੈ ਕੇ ਨਹੀ ਬੋਲੋਗੇ।"



ਪਤਰਸ ਇੱਕ
ਵਾਰ ਯਿਸੂ ਲਈ
ਖੜ੍ਹਾ ਹੋਣ ਤੋਂ ਡਰ
ਗਿਆ ਸੀ। ਪਰ
ਉਹ ਪਵਿੱਤਰ
ਆਤਮਾਂ ਆਉਣ
ਤੋਂ ਪਹਿਲਾਂ ਸੀ।
ਹੁਣ ਉਸ ਨੂੰ ਕੋਈ
ਵੀ ਡਰਾ ਨਹੀ
ਸਕਦਾ ਸੀ।



ਪਤਰਸ ਅਤੇ ਯਹੂੰਨਾ ਨੇ ਉੱਤਰ ਦਿੱਤਾ, “ਕੀ ਇਹ ਪਰਮੇਸ਼ਵਰ ਦੀ ਨਜ਼ਰ ਵਿੱਚ ਠੀਕ ਹੈ ਕੀ ਅਸੀ ਪਰਮੇਸ਼ਵਰ ਨਾਲੋਂ ਜਿਆਦਾ ਤੁਹਾਡੀ ਗੱਲ ਮੰਨੀਏ, ਤੁਸੀ ਨਿਆਂ ਕਰੋ। ਅਸੀ ਨਹੀ ਕਰ ਸਕਦੇ ਪਰ ਅਸੀ ਉਹ ਗੱਲਾਂ ਕਹਿੰਦੇ ਹਾਂ ਜਿਹੜੀਆਂ ਅਸੀ ਵੇਖੀਆ ਅਤੇ ਸੁਣੀਆ ਹਨ।”

ਬਹੁਤ ਡਰਾਉਣ ਦੇ
ਬਾਅਦ, ਆਗੂਆਂ ਨੇ
ਪਤਰਸ ਅਤੇ ਯਹੂੰਨਾ ਨੂੰ
ਛੱਡ ਦਿੱਤਾ। ਪਰਮੇਸ਼ਵਰ
ਦੇ ਬਹਾਦਰ ਦਾਸਾਂ ਨੇ
ਆਪਣੇ ਸਾਥੀਆਂ ਨੂੰ ਜੇਲ
ਅਤੇ ਅਦਾਲਤ ਦੇ ਬਾਰੇ
ਦੱਸਿਆ। ਤਦ ਉਹਨਾਂ ਨੇ
ਇੱਕ ਵੱਡੀ ਪ੍ਰਾਥਨਾਂ ਸਭਾ
ਅਤੇ ਉਪਾਸਨਾ ਸੰਮੇਲਨ
ਕੀਤਾ। ਫਿਰ, ਪਰਮੇਸ਼ਵਰ
ਦੇ ਪਵਿੱਤਰ ਆਤਮਾਂ ਨੇ ਆਪਣੇ
ਲੋਕਾਂ ਨੂੰ ਪਵਿੱਤਰ ਆਤਮਾਂ ਨਾਲ
ਭਰਿਆ। - ਨੰਨ੍ਹੀ ਕਲੀਸੀਆਂ
ਵਧਦੀ ਅਤੇ ਵਧਦੀ ਗਈ।



# ਕਲੀਸੀਆ ਦਾ ਜਨਮ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਬ 1-4

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿ਼ਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16